# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 24-07-2024**

ਕੇਂਦਰੀ ਰੇਲਵੇ ਤੇ ਫੂਡ ਪ੍ਰੋਸੈਸਿੰਗ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਖ਼ਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਵਲੋਂ ਪੇਸ਼ ਕੀਤੇ ਕੇਂਦਰੀ ਬਜਟ ਦੀ ਸ਼ਲਾਘਾ ਕਰਦਿਆਂ ਕਿਹਾ ਏ ਕਿ ਇਹ ਬਜਟ ਦੇਸ਼ ਵਿੱਚ ਖੇਤੀਬਾੜੀ ਤੇ ਛੋਟੀਆਂ ਅਤੇ ਮੱਧਮ ਸਨਅਤਾਂ ਲਈ ਵਰਦਾਨ ਸਾਬਤ ਹੋਵੇਗਾ। ਇੱਕ ਬਿਆਨ ਵਿੱਚ ਉਨਾਂ ਕਿਹਾ ਕਿ ਖ਼ਜ਼ਾਨਾ ਮੰਤਰੀ ਨੇ MSME ਸੈਕਟਰ ਦੀ ਹਮਾਇਤ ਲਈ ਕਈ ਯੋਜਨਾਵਾਂ ਦਾ ਐਲਾਨ ਕੀਤਾ ਏ ਜਿਸ ਵਿੱਚ ਦੇਸ਼ ਵਿੱਚ 24 MSME ਕਲੱਸਟਰ ਸਥਾਪਤ ਕਰਨਾ ਵੀ ਸ਼ਾਮਲ ਏ। ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਪ੍ਰੀ-ਬਜਟ ਮੀਟਿੰਗ ਦੌਰਾਨ ਇਹ ਮੁੱਦਾ ਉਨਾਂ ਖ਼ਜ਼ਾਨਾ ਮੰਤਰੀ ਕੋਲ ਚੁੱਕਿਆ ਸੀ। ਉਨ੍ਹਾਂ ਕਿਹਾ ਕਿ ਬਜਟ ਵਿੱਚ ਐਲਾਨੀਆਂ ਸਾਰੀਆਂ ਕੇਂਦਰੀ ਸਕੀਮਾਂ ਵਿੱਚ ਪੰਜਾਬ ਨੂੰ ਬਣਦਾ ਹਿੱਸਾ ਮਿਲੇਗਾ ਜਿਸ ਨਾਲ ਸੂਬੇ ਵਿੱਚ ਸਨਅਤੀ ਅਤੇ ਖੇਤੀ ਖੇਤਰ ਨੂੰ

ਵੱਡਾ ਹੁਲਾਰਾ ਮਿਲੇਗਾ। ਰਵਨੀਤ ਸਿੰਘ ਬਿੱਟੂ ਨੇ ਖੇਤੀਬਾੜੀ ਸੈਕਟਰ ਲਈ ਬਜਟ ਉਪਬੰਧਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਖੇਤੀਬਾੜੀ ਅਤੇ ਸਹਾਇਕ ਖੇਤਰਾਂ ਲਈ 1 ਇਸ਼ਾਰਿਆ 52 ਲੱਖ ਕਰੋੜ ਰੁਪਏ ਰੱਖੇ ਗਏ ਨੇ। ਉਨ੍ਹਾਂ ਕਿਹਾ ਕਿ ਸਬਜ਼ੀਆਂ ਦੇ ਉਤਪਾਦਨ ਦੇ ਵੱਡੇ ਕਲੱਸਟਰ ਮੁੱਖ ਖੇਤਰ ਵਿੱਚੋਂ ਇੱਕ ਨੇ। ਉਨ੍ਹਾਂ ਕਿਹਾ ਕਿ ਕੇਂਦਰ ਨੇ ਹਾਲ ਹੀ ਵਿੱਚ ਮੁੱਖ ਫ਼ਸਲਾਂ ਲਈ ਵੱਧ ਘੱਟੋ-ਘੱਟ ਸਮਰਥਨ ਮੁੱਲ ਦਾ ਐਲਾਨ ਕੀਤਾ ਏ ਅਤੇ ਉਨ੍ਹਾਂ ਨੂੰ ਆਸ ਏ ਕਿ ਬਜਟ ਵਿੱਚ ਨਵੀਆਂ ਸਕੀਮਾਂ ਕਿਸਾਨਾਂ ਨੂੰ ਵੱਡੇ ਪੱਧਰ 'ਤੇ ਲਾਭ ਪਹੁੰਚਾਉਣਗੀਆਂ। ਰਵਨੀਤ ਸਿੰਘ ਬਿੱਟੂ ਨੇ ਫੂਡ ਪ੍ਰੋਸੈਸਿੰਗ ਸਨਅਤਾਂ ਦੇ ਮੰਤਰਾਲੇ ਵਿੱਚ ਪਥ- ਬ੍ਰੇਕਿੰਗ ਪਹਿਲਕਦਮੀਆਂ ਦੇਣ ਅਤੇ ਰੇਲਵੇ ਲਈ ਕੁੱਲ ਬਜਟ ਸਹਾਇਤਾ ਨੂੰ 2 ਲੱਖ 40 ਹਜ਼ਾਰ 200 ਕਰੋੜ ਰੁਪਏ ਤੱਕ ਵਧਾ ਕੇ ਰੇਲਵੇ ਨੂੰ ਵਿਸ਼ਵ ਪੱਧਰੀ ਬਣਾਉਣ ਲਈ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ।

---------------------------------------------------------------

ਭਾਰਤੀ ਜਨਤਾ ਪਾਰਟੀ ਦੇ ਸੂਬਾ ਜਨਰਲ ਸਕੱਤਰ ਅਨਿਲ ਸਰੀਨ ਨੇ ਕਿਹਾ ਏ ਕਿ ਆਮ ਬਜਟ ਦੇਸ਼ ਨੂੰ ਵਿਕਾਸ ਦੇ ਰਾਹ ਤੇ ਅਗੇ ਲਿਜਾਣ

ਵਾਲਾ ਏ। ਉਨਾਂ ਕਿਹਾ ਕਿ ਇਸ ਲਈ ਪ੍ਰਧਾਨਮੰਤਰੀ ਨਰੇਂਦਰ ਮੋਦੀ ਅਤੇ ਖਜਾਨਾ ਮੰਤਰੀ ਨਿਰਮਲਾ ਸੀਤਾਰਮਨ ਵਧਾਈ ਦੇ ਪਾਤਰ ਨੇ।

-----------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ 28 ਜੁਲਾਈ ਨੂੰ ਸਵੇਰੇ 11 ਵਜੇ, ਆਕਾਸ਼ਵਾਣੀ ਤੋਂ ਮਨ ਕੀ ਬਾਤ ਪ੍ਰੋਗ੍ਰਾਮ, 'ਚ ਦੇਸ਼ ਵਿਦੇਸ਼ ਦੇ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਨਗੇ। ਪ੍ਰਧਾਨ ਮੰਤਰੀ ਵੱਲੋਂ ਇਸ ਪ੍ਰੋਗ੍ਰਾਮ ਵਿਚ ਸ਼ਾਮਿਲ ਕੀਤੇ ਜਾਣ ਵਾਲੇ ਵਿਸ਼ਿਆਂ ਜਾਂ ਮੁੱਦਿਆਂ ਬਾਰੇ ਲੋਕ ਆਪਣੇ ਸੁਝਾਅ ਦੇ ਸਕਦੇ ਨੇ। ਸੁਝਾਵਾਂ ਨੂੰ MY GOV ਓਪਨ ਫੋਰਮ 'ਤੇ ਸਾਂਝਾ ਕੀਤਾ ਜਾ ਸਕਦਾ ਏ।  ਸਰੋਤੇ ਟੋਲ-ਫ੍ਰੀ ਨੰਬਰ 1800-11-7800 'ਤੇ ਫੋਨ ਕਰਕੇ, ਪ੍ਰਧਾਨ ਮੰਤਰੀ ਲਈ ਆਪਣਾ ਸੁਨੇਹਾ, ਹਿੰਦੀ ਜਾਂ ਅੰਗਰੇਜ਼ੀ ਵਿੱਚ ਰਿਕਾਰਡ ਕਰ ਸਕਦੇ ਨੇ। ਕੁਝ ਰਿਕਾਰਡ ਕੀਤੇ ਸੁਨੇਹੇ ਪ੍ਰਸਾਰਣ ਦਾ ਹਿੱਸਾ ਬਣ ਸਕਦੇ ਨੇ। ਸਰੋਤੇ 1922 'ਤੇ ਮਿਸਡ ਕਾਲ ਦੇ ਕੇ, SMS ਰਾਹੀਂ ਪ੍ਰਾਪਤ ਹੋਏ ਲਿੰਕ ਜ਼ਰੀਏ ਵੀ ਪ੍ਰਧਾਨ ਮੰਤਰੀ ਨੂੰ ਸਿੱਧੇ ਤੌਰ 'ਤੇ ਆਪਣੇ ਸੁਝਾਅ ਦੇ ਸਕਦੇ ਨੇ। ਸੁਝਾਅ 26 ਜੁਲਾਈ ਤਕ ਭੇਜੇ ਜਾ ਸਕਦੇ ਨੇ।

---------------------------------------------------------

ਪੰਜਾਬ ਰਾਜ ਦੇ ਸਿਹਤ ਸੰਭਾਲ ਲੈਂਡਸਕੇਪ ਵਿੱਚ ਕ੍ਰਾਂਤੀ ਲਿਆਉਣ ਦੇ ਉਦੇਸ਼ ਨਾਲ ਇੱਕ ਮਹੱਤਵਪੂਰਨ ਸਹਿਯੋਗ ਵਿੱਚ, ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਫ਼ਰੀਦਕੋਟ ਅਤੇ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ ਏਮਜ਼, ਬਠਿੰਡਾ ਨੇ ਬੀਤੇ ਦਿਨ ਇੱਕ ਐੱਮ.ਓ.ਯੂ.ਤੇ ਹਸਤਾਖਰ ਕੀਤੇ ਨੇ। ਇਸ ਸਮਝੌਤਾ ਪੱਤਰ ਵਿਚ ਡਾਕਟਰ ਰਾਜੀਵ ਸੂਦ, ਵਾਈਸ-ਚਾਂਸਲਰ ਅਤੇ ਡੀ.ਕੇ. ਸਿੰਘ, ਕਾਰਜਕਾਰੀ ਨਿਰਦੇਸ਼ਕ, ਏਮਜ਼ ਬਠਿੰਡਾ ਨੇ ਖੋਜ ਤੇ ਵਿਕਾਸ 'ਤੇ ਜ਼ੋਰ ਦੇ ਕੇ ਇੱਕ ਸੰਪੂਰਨ ਅਤੇ ਸਹਿਯੋਗੀ ਹੈਲਥਕੇਅਰ ਈਕੋਸਿਸਟਮ ਬਣਾਉਣ ਤੇ ਜ਼ੋਰ ਦਿੱਤਾ। ਏਮਜ਼ ਬਠਿੰਡਾ ਦੇ ਯੂਰੋਲੋਜੀ ਅਤੇ ਕਿਡਨੀ ਟ੍ਰਾਂਸਪਲਾਂਟੇਸ਼ਨ ਵਿਭਾਗ ਦੇ ਮੁਖੀ ਡਾ: ਕੰਵਲਜੀਤ ਸਿੰਘ ਕੌੜਾ ਨੇ ਕਿਹਾ ਕਿ ਐਮ ਓ ਯੂ ਵਿੱਚ ਇਹ ਕਿਹਾ ਗਿਆ ਏ ਕਿ ਪ੍ਰੋਜੈਕਟ ਅਤੇ ਕੋਰਸ, ਜਿਹੜੇ ਇਸ ਵੇਲੇ ਕਿਸੇ ਵੀ ਸੰਸਥਾ ਵਿੱਚ ਚੱਲ ਰਹੇ ਨੇ, ਉਚਿਤ ਅਥਾਰਟੀਆਂ ਵਲੋਂ ਪ੍ਰਮਾਣਿਤ ਤੇ ਪ੍ਰਵਾਨਿਤ ਨੇ, ਜੇਕਰ ਚਾਹੋ ਤਾਂ ਦੂਜੀ ਸੰਸਥਾ ਵਿੱਚ ਸ਼ੁਰੂ ਕੀਤੇ ਜਾ ਸਕਦੇ ਨੇ। ਉਨਾਂ ਕਿਹਾ ਕਿ ਇਹ ਵਿਵਸਥਾ

ਯਕੀਨੀ ਬਣਾਉਂਦੀ ਏ ਕਿ ਕਾਮਯਾਬ ਪਹਿਲਕਦਮੀਆਂ ਨੂੰ ਦੁਹਰਾਇਆ ਜਾ ਸਕਦਾ ਏ ਅਤੇ ਉਹਨਾਂ ਦੇ ਪ੍ਰਭਾਵ ਨੂੰ ਵੱਧ ਤੋਂ ਵੱਧ ਸਕੇਲ ਕੀਤਾ ਜਾ ਸਕਦਾ ਏ।

-----------------------------------------------

ਭਾਰਤੀ ਫੌਜ ਬਠਿੰਡਾ ਮਿਲਟਰੀ ਸਟੇਸ਼ਨ ਵਿੱਚ 25 ਜੁਲਾਈ ਨੂੰ ਕਾਰਗਿਲ ਵਿਜੇ ਦਿਵਸ ਦੀ ਰਜਤ ਜੈਅੰਤੀ ਨੂੰ ਸ਼ਾਨਦਾਰ ਜਸ਼ਨਾਂ ਨਾਲ ਮਨਾਏਗੀ। ਇਤਿਹਾਸਕ ਜਿੱਤ ਦੀ ਰਜਤ ਜਯੰਤੀ ਨੂੰ ਦਰਸਾਉਣ ਵਾਲੇ ਇਸ ਸਮਾਗਮ ਦਾ ਉਦੇਸ਼ ਭਾਰਤੀ ਫੌਜ਼ੀਆਂ ਦੀ ਬਹਾਦਰੀ ਤੇ ਕੁਰਬਾਨੀਆਂ ਦਾ ਸਨਮਾਨ ਕਰਨਾ ਏ ਜਿਹੜੇ 1999 ਵਿੱਚ ਕਾਰਗਿਲ ਸੰਘਰਸ਼ ਦੌਰਾਨ ਬਹਾਦਰੀ ਨਾਲ ਲੜੇ ਸਨ। ਇਸ ਮੌਕੇ 'ਤੇ ਇੱਕ ਪ੍ਰਦਰਸ਼ਨੀ ਬਠਿੰਡਾ ਅਤੇ ਨੇੜਲੇ ਇਲਾਕਿਆਂ ਦੇ ਸਾਰੇ ਨਾਗਰਿਕਾਂ ਲਈ ਖੁੱਲ੍ਹੀ ਰਹੇਗੀ, ਜਿਸ ਵਿੱਚ ਭਾਰਤੀ ਫੌਜ ਦੀ ਤਾਕਤ ਤੇ ਤਕਨੀਕੀ ਹੁਨਰ ਨੂੰ ਦਰਸਾਉਂਦੀ ਵੱਖ-ਵੱਖ ਆਧੁਨਿਕ ਉਪਕਰਨਾਂ ਦੀ ਪ੍ਰਭਾਵਸ਼ਾਲੀ ਪ੍ਰਦਰਸ਼ਨੀ ਦਿਖਾਈ ਜਾਵੇਗੀ। ਹਾਜ਼ਰ ਲੋਕਾਂ ਕੋਲ ਲੜਾਈ ਦੇ ਹਥਿਆਰਾਂ, ਬਖਤਰਬੰਦ ਟੈਂਕਾਂ, ਤੋਪਖਾਨੇ, ਹਵਾਈ ਰੱਖਿਆ ਪ੍ਰਣਾਲੀਆਂ

ਅਤੇ ਅਤਿ-ਆਧੁਨਿਕ ਰਾਡਾਰਾਂ ਦੀ ਇੱਕ ਲੜੀ ਨੂੰ ਨੇੜਿਓਂ ਦੇਖਣ ਦਾ ਵਿਲੱਖਣ ਮੌਕਾ ਹੋਵੇਗਾ। ਇਹ ਪ੍ਰਦਰਸ਼ਨੀ ਹਥਿਆਰਬੰਦ ਫੌਜਾਂ ਦੀਆਂ ਸਮਰੱਥਾਵਾਂ ਤੇ ਤਿਆਰੀਆਂ ਦੀ ਵਿਆਪਕ ਸਮਝ ਪ੍ਰਦਾਨ ਕਰਨ ਲਈ ਤਿਆਰ ਕੀਤੀ ਗਈ ਏ। ਜ਼ਿਲੇ ਦੇ ਵੱਖ-ਵੱਖ ਸਕੂਲਾਂ ਦੇ ਬੱਚੇ ਫੌਜ਼ੀਆਂ ਦੇ ਸਮਰਪਣ ਤੇ ਕੁਰਬਾਨੀਆਂ ਬਾਰੇ ਵਿਲੱਖਣ ਗਿਆਨ ਤਜਰਬਾ ਹਾਸਲ ਕਰਨ ਲਈ ਪ੍ਰੋਗਰਾਮ ਵਿੱਚ ਸ਼ਾਮਲ ਹੋਣਗੇ।